# BBC LEARNING ENGLISH
# **Essential English Conversation**
## ਭੋਜਨ: ਬਜ਼ਾਰ ਵਿੱਚ

*This is not a word-for-word transcript*

**ਰਾਜਵੀਰ**

ਹੈਲੋ, Essential English Conversation (ਅਸੈਂਸ਼ੀਅਲ ਇੰਗਲਿਸ਼ ਕਨਵਰਸੇਸ਼ਨ) ਵਿੱਚ ਤੁਹਾਡਾ ਸਵਾਗਤ ਹੈ। ਜਿਸ ਵਿੱਚ ਅਸੀਂ ਗੱਲ ਕਰਦੇ ਹਾਂ ਬੋਲੀ ਦੇ ਉਹਨਾਂ ਅਹਿਮ ਨੁਕਤਿਆਂ ਦੀ ਜਿਹਨਾਂ ਬਿਨਾਂ ਭਾਸ਼ਾ ਦੇ ਸਿਖਿਆਰਥੀਆਂ ਦਾ ਗੁਜ਼ਾਰਾ ਨਹੀਂ। ਮੈਂ ਰਾਜਵੀਰ ਤੇ ਅੱਜ ਤੁਸੀਂ ਸਿੱਖੋਗੇ ਖਾਣ ਪਦਾਰਥਾਂ ਦੀ ਖਰੀਦਦਾਰੀ ਕਰਦਿਆਂ ਅੰਗਰੇਜ਼ੀ ਦੇ ਕਿਹਨਾਂ ਵਾਕਾਂ ਅਤੇ ਸ਼ਬਦਾਂ ਦਾ ਇਸਤੇਮਾਲ ਕੀਤਾ ਜਾ ਸਕਦਾ ਹੈ।
ਦੋ ਲੋਕਾਂ ਨੂੰ ਸੁਣੋ ਜੋ ਬਜ਼ਾਰ ਵਿੱਚ ਆਲੂ ਖਰੀਦ ਰਹੇ ਹਨ।

***Dan***
*How can I help you?*

***Lisa***
*Hi, can I have a kilo of potatoes?*

***Dan***
*Here you are. That's £1.00.*

**ਰਾਜਵੀਰ**

ਜੇ ਔਖਾ ਲੱਗਿਆ ਤਾਂ ਵੀ ਚਿੰਤਾ ਨਾ ਕਰੋ। ਤੁਸੀਂ ਅਭਿਆਸ ਕਰ ਸਕੋਂ, ਇਸ ਲਈ ਅਸੀਂ ਗੱਲਬਾਤ ਨੂੰ ਛੋਟੇ ਹਿੱਸਿਆਂ ਵਿੱਚ ਵੰਡ ਦਿਆਂਗੇ।
ਪਹਿਲੇ ਵਿਕਰੇਤਾ ਨੇ ਗਾਹਕ ਨੂੰ ਪੁੱਛਿਆ, ਮੈਂ ਤੁਹਾਡੀ ਕਿਵੇਂ ਮਦਦ ਕਰ ਸਕਦਾਂ, 'how can I help you?' ਲੋਕ ਦੁਕਾਨਾਂ, ਬਜ਼ਾਰ ਜਾਂ ਰੈਸਟੋਰੈਂਟਾਂ ਵਿੱਚ ਇਸੇ ਵਾਕ ਨਾਲ ਤੁਹਾਨੂੰ ਤੁਹਾਡੀ ਜ਼ਰੂਰਤ ਬਾਰੇ ਪੁੱਛਦੇ ਹਨ। ਸੁਣੋ ਅਤੇ ਵਾਕ ਨੂੰ ਦਹੁਰਾਓ ਵੀ।

*How can I help you?*

**ਰਾਜਵੀਰ**

ਗਾਹਕ ਨੇ ਕਿਹਾ, ਕੀ ਮੈਨੂੰ ਇੱਕ ਕਿਲੋ kilo ਆਲੂ potatoes ਮਿਲ ਸਕਦੇ ਹਨ? ਸੁਣੋ ਤੇ ਪਿੱਛੇ ਬੋਲੋ।

*Hi, can I have a kilo of potatoes?*


© British Broadcasting Corporation 2018

**ਰਾਜਵੀਰ**

ਤੁਸੀਂ ਸਬਜ਼ੀਆਂ 'vegetables', ਪਿਆਜ਼ 'onions' ਜਾਂ ਟਮਾਟਰਾਂ 'tomatoes' ਬਾਰੇ ਵੀ ਪੁੱਛ ਸਕਦੇ ਹੋ।

*Can I have a kilo of onions?*

*Can I have a kilo of tomatoes?*

**ਰਾਜਵੀਰ**

ਤੁਸੀਂ ਫ਼ਲ ਜਿਵੇਂ ਕਿ ਸੰਤਰੇ 'oranges', ਕੇਲੇ 'bananas' ਆਦਿ ਬਾਰੇ ਵੀ ਪੁੱਛ ਸਕਦੇ ਹੋ। ਸੁਣੋ ਅਤੇ ਪਿੱਛੇ ਬੋਲੋ।

*Can I have a kilo of oranges?*

*Can I have two kilos of bananas?*

**ਰਾਜਵੀਰ**

ਤੁਸੀਂ ਚੌਲ 'rice' ਜਾਂ ਆਟੇ 'flour' ਬਾਰੇ ਵੀ ਪੁੱਛ ਸਕਦੇ ਹੋ। ਸੁਣੋ ਅਤੇ ਦਹੁਰਾਓ।

*Can I have a kilo of rice?*

*Can I have a kilo of flour?*

**ਰਾਜਵੀਰ**

ਵਿਕਰੇਤਾ ਨੇ ਗਾਹਕ ਨੂੰ ਆਲੂ ਦਿੱਤੇ ਅਤੇ ਕਿਹਾ ਕਿ ਇਹ ਰਿਹਾ ਤੁਹਾਡਾ ਸਮਾਨ 'here you are' ਅਸੀਂ ਇਹ ਕਹਿੰਦੇ ਹਾਂ ਜਦੋਂ ਅਸੀਂ ਕਿਸੇ ਨੂੰ ਕੋਈ ਸਮਾਨ ਦਿੰਦੇ ਹਾਂ। ਸੁਣੋ ਅਤੇ ਪਿੱਛੇ ਬੋਲੋ।

*Here you are.*

**ਰਾਜਵੀਰ**

ਫ਼ੇਰ ਉਸਨੇ ਗਾਹਕ ਨੂੰ ਕੀਮਤ ਦੱਸੀ ਇੱਕ ਪੌਂਡ '£1.00'

*That's £1.00.*

**ਰਾਜਵੀਰ**

ਸ਼ਾਬਾਸ਼! ਹੁਣ ਜੋ ਤੁਸੀਂ ਕਿਹਾ ਉਸਨੂੰ ਚੈੱਕ ਕਰੋ। ਅਲੱਗ ਅਲੱਗ ਲੋਕਾਂ ਨੂੰ ਸੁਣਕੇ ਜੋ ਬਜ਼ਾਰ ਵਿੱਚ ਖਾਣ ਪਦਾਰਥ ਖਰੀਦ ਰਹੇ ਹਨ।
ਜਸਟਿਨ ਨੇ ਭੇਡ਼ ਦੇ ਬੱਚੇ ਦਾ ਮਾਸ 'lamb' ਖਰੀਦਿਆ।

*How can I help you?*


© British Broadcasting Corporation 2018

*Hi, can I have two kilos of lamb?*

*Here you are. That's £15.00.*

**ਰਾਜਵੀਰ**
ਠੀਕ ਹੈ, ਫ਼ੇਰ ਕੋਸ਼ਿਸ਼ ਕਰਦੇ ਹਾਂ। ਅੰਗਰੇਜ਼ੀ ਦੇ ਵਾਕਾਂ ਨੂੰ ਸੁਣੋ ਤੇ ਦਹੁਰਾਓ।

*How can I help you?*

*Can I have a kilo of potatoes?*

*Here you are.*

*That's £1.00.*

**ਰਾਜਵੀਰ**
Great! ਚਲੋ ਦੇਖਦੇ ਹਾਂ ਤੁਸੀਂ ਕਿੰਨੀ ਚੰਗੀ ਤਰ੍ਹਾਂ ਯਾਦ ਰੱਖਿਆ। ਆਪਣੀ ਬੋਲੀ ਵਿੱਚ ਵਾਕਾਂ ਨੂੰ ਸੁਣੋ ਅਤੇ ਅੰਗਰੇਜ਼ੀ ਵਿੱਚ ਉਹਨਾਂ ਨੂੰ ਬੋਲੋ।

ਮੈਂ ਤੁਹਾਡੀ ਕੀ ਮਦਦ ਕਰ ਸਕਦਾਂ ਹਾਂ?
*How can I help you?*

ਕੀ ਮੈਨੂੰ ਇੱਕ ਕਿਲੋ ਆਲੂ ਮਿਲ ਸਕਦੇ ਹਨ?
*Can I have a kilo of potatoes?*

ਇਹ ਰਿਹਾ ਤੁਹਾਡਾ ਸਮਾਨ।
*Here you are.*

ਇਹਨਾਂ ਦੀ ਕੀਮਤ ਇੱਕ ਪੌਂਡ ਹੈ।
*That's £1.00.*

**ਰਾਜਵੀਰ**
ਸ਼ਾਬਾਸ਼। ਹੁਣ ਤੁਸੀਂ ਜਾਣਦੇ ਹੋ ਅੰਗਰੇਜ਼ੀ ਵਿੱਚ ਬਜ਼ਾਰ ਗਿਆਂ ਖਾਦ ਪੀਣ ਦੀਆਂ ਵਸਤਾਂ ਨੂੰ ਕਿਵੇਂ ਖਰੀਦਨਾਂ ਹੈ। ਵਿਕਰੇਤਾ ਦੇ ਤੁਹਾਡੀ ਲੋੜ ਸੰਬੰਧੀ ਪ੍ਰਸ਼ਨਾਂ ਦਾ ਜੁਆਬ ਦੇ ਕੇ, ਅਭਿਆਸ ਕਰੋ।

*How can I help you?*

*Here you are. That's £1.00.*


© British Broadcasting Corporation 2018

**ਰਾਜਵੀਰ**

Great, ਹੁਣ ਆਪਣੇ ਜੁਆਬਾਂ ਨੂੰ ਚੈੱਕ ਕਰਨ ਲਈ ਸਾਰੀ ਗੱਲਬਾਤ ਦੁਬਾਰਾ ਸੁਣੋ।

***Dan***
*How can I help you?*

***Lisa***
*Hi, can I have a kilo of potatoes?*

***Dan***
*Here you are. That's £1.00.*

**ਰਾਜਵੀਰ**

ਬਹੁਤ ਅੱਛਾ! ਹੁਣ ਤੁਸੀਂ ਅੰਗਰੇਜ਼ੀ ਵਿੱਚ ਖਾਣ-ਪੀਣ ਦੀਆਂ ਵਸਤਾਂ ਬਜ਼ਾਰ ਵਿੱਚੋ ਖਰੀਦ ਸਕਦੇ ਹੋ। ਜੋ ਵੀ ਸਿੱਖਿਆ ਉਸਨੂੰ ਦਹੁਰਾਉਣਾ ਜ਼ਰੂਰ ਯਾਦ ਰੱਖਣਾ। ਇੱਕ ਦੋਸਤ ਲੱਭੋ ਤੇ ਉਸਨੂੰ ਅੰਗਰੇਜ਼ੀ ਵਿੱਚ ਖਾਦ ਪਦਾਰਥਾਂ ਬਾਰੇ ਪੁੱਛਕੇ ਅਭਿਆਸ ਕਰੋ। ਚਲੋ ਅੱਜ ਦੀ ਗੱਲਬਾਤ ਇਥੇ ਹੀ ਖ਼ਤਮ ਕਰਦੇ ਹਾਂ। ਰੋਜ਼ਾਨਾ ਬੋਲਚਾਲ ਦੀ ਅੰਗਰੇਜ਼ੀ ਭਾਸ਼ਾ ਸਿੱਖਣ ਲਈ ਸਾਡੇ ਨਾਲ ਫ਼ੇਰ ਜੁੜੋ। ਬਾਏ।


© British Broadcasting Corporation 2018